16ਵੀਂ ਵਿਧਾਨ ਸਭਾ

ਛੇਵਾਂ (ਬਜਟ) ਸਮਾਗਮ

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 6**

**ਸੋਮਵਾਰ, 11 ਮਾਰਚ, 2024**

**(02.00 ਵਜੇ ਬਾਅਦ ਦੁਪਹਿਰ ਤੋਂ 05.09 ਵਜੇ ਸ਼ਾਮ ਤੱਕ)**

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ :

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 15 | 04 | - | 1 | 16 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 10

2. **ਧਿਆਨ ਦਿਵਾਉ ਨੋਟਿਸ**

i. ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ,ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਪ੍ਰਭਾਵਸ਼ਾਲੀ ਕਾਨੂੰਨ ਦੀ ਅਣਹੋਂਦ ਕਾਰਨ ਖਾਣ-ਪੀਣ ਦੀਆਂ ਵਸਤੂਆਂ ਵਿੱਚ ਹੋ ਰਹੀ ਲੋੜ ਤੋਂ ਵੱਧ ਮਿਲਾਵਟ ਵੱਲ ਦਿਵਾਇਆ ਗਿਆ। (ਨੰ.30)

ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

ii. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਪੀ.ਐਮ.ਏ ਵਾਈ.ਸਾਈਟ ਦੇ ਬੰਦ ਹੋ ਜਾਣ ਕਾਰਨ ਗਰੀਬ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਇਆ ਗਿਆ। (ਨੰ.31)

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

iii. ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਪੈਂਦੀ ਬਰਵਾਲਾ ਸੜਕ ਦੀ ਖਸਤਾ ਹਾਲਤ ਵੱਲ ਦਿਵਾਇਆ ਗਿਆ। (ਨੰ:32)

ਲੋਕ ਨਿਰਮਾਣ ਅਤੇ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

3. **ਮਾਣਯੋਗ ਸਪੀਕਰ ਦੁਆਰਾ ਐਲਾਨ**

1) ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਕਿਸਾਨੀ ਸੰਘਰਸ਼ ਦੌਰਾਨ ਇੱਕ ਬੱਚਾ ਜਿਹੜਾ ਦਸਵੀਂ ਜਮਾਤ ਵਿੱਚ ਪੜ੍ਹਦਾ ਹੈ, ਉਸ ਦੀ ਬਾਂਹ ਵਿੱਚ ਗੋਲੀ ਆਰ-ਪਾਰ ਨਿਕਲ ਗਈ ਸੀ ਅਤੇ ਉਸ ਦੀਆਂ ਉਂਗਲਾਂ ਸੁੰਨ ਹੋ ਰਹੀਆਂ ਹਨ ਪਰ ਉਸ ਦੇ ਪਿਤਾ ਕੋਲ ਸਿਰਫ ਡੇਢ ਕਿੱਲਾ ਜ਼ਮੀਨ ਹੈ ਤੇ ਉਹ ਬੱਚਾ ਗਰੀਬ ਪਰਿਵਾਰ ਨਾਲ ਸਬੰਧਿਤ ਹੈ, ਇਸ ਲਈ ਉਸ ਬੱਚੇ ਦੇ ਇਲਾਜ ਲਈ ਉਹ ਆਪਣੀ ਇੱਕ ਮਹੀਨੇ ਦੀ ਤਨਖਾਹ ਦੇਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਸ ਬੱਚੇ ਨੂੰ ਅਮਨਦੀਪ ਹਸਪਤਾਲ ਵਿਖੇ ਸ਼ਿਫਟ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਸਦਨ ਦੇ ਸਾਰੇ ਮੈਂਬਰਾਂ ਨੂੰ ਇਹ ਵੀ ਅਪੀਲ ਕੀਤੀ ਕਿ ਜੇਕਰ ਉਸ ਬੱਚੇ ਨੂੰ ਅਮਨਦੀਪ ਹਸਪਤਾਲ ਵਿਖੇ ਸ਼ਿਫਟ ਕੀਤਾ ਜਾਂਦਾ ਹੈ ਤਾਂ ਉਸ ਬੱਚੇ ਦੇ ਇਲਾਜ ਲਈ ਹੋਰ ਵੀ ਵਿੱਤੀ ਸਹਾਇਤਾ ਦੀ ਲੋੜ ਹੋਵੇਗੀ। ਇਸ ਲਈ ਉਸ ਬੱਚੇ ਦੇ ਇਲਾਜ ਲਈ ਸਾਰੇ ਮੈਂਬਰ ਵਿੱਤੀ ਮਦਦ ਕਰਨ।

2) ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਅੱਜ ਹਾਊਸ ਲਈ ਇੱਕ ਪ੍ਰਸ਼ਨ ਹੈ ਤੇ ਜਿਹੜਾ ਵੀ ਮਾਣਯੋਗ ਮੈਂਬਰ ਇਸ ਪ੍ਰਸ਼ਨ ਦਾ ਸਹੀ ਜਵਾਬ ਦੇਵੇਗਾ, ਉਸ ਨੂੰ ਜ਼ੀਰੋ ਆਵਰ ਦੌਰਾਨ ਆਪਣੀ ਗੱਲ ਰੱਖਣ ਲਈ ਪੰਜ ਮਿੰਟ ਵਾਧੂ ਦਿੱਤੇ ਜਾਣਗੇ। ਉਨ੍ਹਾਂ ਨੇ ਇਹ ਪ੍ਰਸ਼ਨ ਪੁੱਛਿਆ ਕਿ ਸੁਪਰੀਮ ਕੋਰਟ ਵਿੱਚ ਇੱਕ ਬੜਾ ਵੱਡਾ ਫੈਸਲਾ ਇਲੈਕਟੋਰਲ ਬੌਂਡ ਉਪਰ ਆਇਆ ਹੈ। ਉਹ ਕਿਸ ਸਬੰਧ ਵਿੱਚ ਹੈ ਅਤੇ ਉਸ ਵਿੱਚ ਸੁਪਰੀਮ ਕੋਰਟ ਵੱਲੋਂ ਕੀ ਜਜਮੈਂਟ ਆਈ ਹੈ ? ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਇਸ ਪ੍ਰਸ਼ਨ ਦਾ ਸਹੀ ਜਵਾਬ ਦਿੱਤਾ ਗਿਆ ਤੇ ਉਨ੍ਹਾਂ ਨੂੰ ਮਾਣਯੋਗ ਸਪੀਕਰ ਵੱਲੋਂ ਆਪਣੀ ਗੱਲ ਕਹਿਣ ਲਈ ਲੋੜੀਂਦਾ ਸਮਾਂ ਦਿੱਤਾ ਗਿਆ।

3) ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਕਿਸਾਨ ਕੇਵਲ ਛੋਟੇ ਦੁਕਾਨਦਾਰਾਂ ਅਤੇ ਕੰਜ਼ਿਊਮਰ ਨੂੰ ਬਚਾਉਣ ਦੀ ਲੜਾਈ ਹੀ ਨਹੀਂ ਲੜ ਰਹੇ ਹਨ ਬਲਕਿ ਇਹ ਲੜਾਈ ਪੰਜਾਬ ਦੇ ਕਿਸਾਨ ਦੇਸ਼ ਦੀ ਲੜਾਈ ਵਜੋਂ ਲੜ ਰਹੇ ਹਨ। ਇਸ ਲਈ ਉਹ ਬਤੌਰ ਸਪੀਕਰ ਸਾਰੇ ਦੇਸ਼ ਦੇ ਵਿਧਾਨ ਮੰਡਲਾਂ ਦੇ ਮਾਣਯੋਗ ਸਪੀਕਰ ਸਾਹਿਬਾਨ ਨੂੰ ਇਸ ਸਬੰਧੀ ਇੱਕ ਚਿੱਠੀ ਵੀ ਲਿਖਣ ਜਾ ਰਹੇ ਹਨ।

4. **ਮਾਣਯੋਗ ਸਪੀਕਰ ਦੁਆਰਾ ਪ੍ਰੇਖਣ**

ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਪ੍ਰੇਖਣ ਕੀਤਾ ਗਿਆ ਕਿ ਜਦੋਂ ਵੀ ਕੋਈ ਮੈਂਬਰ ਬੋਲ ਰਿਹਾ ਹੁੰਦਾ ਹੈ, ਉਸ ਦੇ ਅਤੇ ਚੇਅਰ ਵਿਚੋਂ ਲੰਘਣਾ ਹਾਊਸ ਦੀ ਤੌਹੀਨ ਹੁੰਦੀ ਹੈ। ਇਸ ਦਾ ਖਿਆਲ ਰੱਖਿਆ ਜਾਵੇ।

5. **ਵਾਕ-ਆਊਟ**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਪਿਛਲੇ ਦਿਨੀਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐੱਲ.ਏ ਖਿਲਾਫ਼ ਵਰਤੇ ਗਏ ਗੈਰ-ਸੰਸਦੀ ਸ਼ਬਦਾਂ ਕਾਰਨ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਕੋਈ ਫੈਸਲਾ ਨਾ ਲਏ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।

6. **ਰਿਪੋਰਟਾਂ ਪੇਸ਼ ਕਰਨਾ**

1. ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੇ ਸਭਾਪਤੀ (ਸ੍ਰੀ ਗੁਰਪ੍ਰੀਤ ਬੱਸੀ ਗੋਗੀ) ਨੇ ਕਮੇਟੀ ਦੇ ਆਮ ਕੰਮ-ਕਾਰ ਨਾਲ ਸਬੰਧਤ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕੀਤੀ।
2. ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ) ਨੇ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕੀਤੀ।
3. ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਤ ਮਾਮਲਿਆਂ ਸਬੰਧੀ ਸਦਨ ਦੀ ਕਮੇਟੀ ਦੇ ਸਭਾਪਤੀ (ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ)) ਨੇ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕੀਤੀ।

7. **ਸਾਲ 2024-25 ਲਈ ਚੁਣੀਆਂ ਗਈਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ**

ਸੰਸਦੀ ਮਾਮਲਿਆਂ ਦੇ ਮੰਤਰੀ ਵਲੋਂ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਕਿਉਂਜੋ ਸਾਲ 2024-25 ਲਈ:

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ,

ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗੁਰੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

8. **ਮਾਣਯੋਗ ਸਪੀਕਰ ਵੱਲੋਂ ਪ੍ਰਸਤਾਵ**

ਮਾਣਯੋਗ ਸਪੀਕਰ ਵਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਕਾਰਜਸੂਚੀ ਵਿੱਚ ਲੜੀ ਨੰ 5 ਤੇ ਦਰਜ ਵਿਧਾਨਕ ਕੰਮਕਾਰ ਮਿਤੀ 12 ਮਾਰਚ, 2024 ਦੀ ਕਾਰਜਸੂਚੀ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵ ਰੱਖਿਆ, ਜੋ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 12 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

**ਰਾਮ ਲੋਕ ਖਟਾਣਾ**
**ਸਕੱਤਰ**

**ਚੰਡੀਗੜ੍ਹ।**
**11 ਮਾਰਚ, 2024**